# First Meeting of the National Coordination Committees of India and Uzbekistan on implementation of joint projects

August 24, 2020

…………………………………………………………………………………………

# ਸਾਂਝੇ ਪ੍ਰਾਜੈਕਟਾਂ ਨੂੰ ਅਮਲ ’ਚ ਲਿਆਉਣ ਬਾਰੇ ਭਾਰਤ ਅਤੇ ਉਜ਼ਬੇਕਿਸਤਾਨ ਦੀਆਂ ਰਾਸ਼ਟਰੀ ਤਾਲਮੇਲ ਕਮੇਟੀਆਂ ਦੀ ਪਹਿਲੀ ਬੈਠਕ

24 ਅਗਸਤ, 2020

ਭਾਰਤ ਅਤੇ ਉਜ਼ਬੇਕਿਸਤਾਨ ਦਰਮਿਆਨ ਹੋਈ ਆਪਸੀ ਸਹਿਮਤੀ ਵਾਲੇ ਪ੍ਰਾਜੈਕਟਾਂ ਨੂੰ ਅਮਲ ’ਚ ਲਿਆਉਣ ਦੀ ਨਿਗਰਾਨੀ ਲਈ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਰਾਹਸਟ੍ਰਪਤੀ ਸ਼ਵਕਤ ਮਿਰਜ਼ੀਯੋਯੇਵ ਦੇ ਹੁਕਮਾਂ ਤਹਿਤ ਬਣੀਆਂ ਰਾਸ਼ਟਰੀ ਤਾਲਮੇਲ ਕਮੇਟੀਆਂ ਦੀ ਪਹਿਲੀ ਬੈਠਕ 24 ਅਗਸਤ, 2020 ਨੂੰ ਹੋਈ, ਜਿਸਦੀ ਸਹਿ-ਪ੍ਰਧਾਨਗੀ ਵਿਦੇਸ਼ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਅਤੇ ਉਜ਼ਬੇਕਿਸਤਾਨ ਦੇ ਉਪ ਪ੍ਰਧਾਨ ਮੰਤਰੀ ਅਤੇ ਨਿਵੇਸ਼ ਅਤੇ ਵਿਦੇਸ਼ੀ ਵਪਾਰ ਮੰਤਰੀ ਸ਼੍ਰੀ ਸਰਡੋਰ ਉਮੂਰਜ਼ਕੋਵ ਨੇ ਕੀਤੀ।

ਦੋਨਾਂ ਪੱਖਾਂ ਨੇ ਦੁਵੱਲੇ ਆਰਥਿਕ ਅਤੇ ਵਪਾਰਕ ਭਾਈਵਾਲੀ ਦੀਆਂ ਚੱਲ ਰਹੀਆਂ ਅਤੇ ਉਲੀਕੀਆਂ ਗਈਆਂ ਗਤੀਵਿਧੀਆਂ ਦਾ ਵਿਸਥਾਰ ਨਾਲ ਜਾਇਜ਼ਾ ਲਿਆ, ਜਿਸ ਵਿੱਚ ਦੁਵੱਲਾ ਨਿਵੇਸ਼ ਸਮਝੌਤਾ ਅਤੇ ਤਰਜੀਹੀ ਵਪਾਰ ਸਮਝੌਤਾ ਕਰਨ ਬਾਰੇ ਗੱਲਬਾਤ ਦੀ ਸਥਿਤੀ, ਦੋਵਾਂ ਦੇਸ਼ਾਂ ਦੇ ਖੇਤੀਬਾੜੀ ਉਤਪਾਦਾਂ ਲਈ ਆਪਸੀ ਤੌਰ ਤੇ ਮਾਰਕੀਟ ਪਹੁੰਚ, ਭਾਰਤ ਵੱਲੋਂ ਦਿੱਤੇ ਗਏ ਕਰਜ਼ਿਆਂ ਦੇ ਤਹਿਤ ਪਛਾਣੇ ਗਏ ਪ੍ਰਾਜੈਕਟਾਂ ਨੂੰ ਲਾਗੂ ਕਰਨਾ, ਗੁਜਰਾਤ ਰਾਜ ਅਤੇ ਉਜ਼ਬੇਕਿਸਤਾਨ ਦੇ ਅੰਦੀਜਾਨ ਖੇਤਰ ਵਿਚਾਲੇ ਸਹਿਯੋਗ, ਅਤੇ ਤਾਸ਼ਕੰਦ ਵਿਖੇ ਭਾਰਤ-ਉਜ਼ਬੇਕਿਸਤਾਨ ਉੱਦਮਤਾ ਵਿਕਾਸ ਕੇਂਦਰ ਸ਼ਾਮਲ ਹੈ।

ਦੋਨਾਂ ਸਹਿ-ਪ੍ਰਧਾਨਾਂ ਨੇ ਵੱਖ-ਵੱਖ ਪ੍ਰੋਜੈਕਟਾਂ ਵਿਚ ਹੋਈ ਤਰੱਕੀ 'ਤੇ ਤਸੱਲੀ ਪ੍ਰਗਟਾਈ ਅਤੇ ਇਹ ਆਸ ਪ੍ਰਗਟਾਈ ਕਿ ਇਨ੍ਹਾਂ ਪ੍ਰਾਜੈਕਟਾਂ ਦੇ ਛੇਤੀ ਮੁਕੰਮਲ ਹੋਣ ਨਾਲ ਦੁਵੱਲਾ ਵਪਾਰ ਅਤੇ ਨਿਵੇਸ਼ ਹੋਰ ਮਜ਼ਬੂਤ ਹੋਣਗੇ। ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਨੇ ਉਪ ਪ੍ਰਧਾਨ ਮੰਤਰੀ ਸ਼੍ਰੀ ਉਮੂਰਜ਼ਾਕੋਵ ਨੂੰ ਦੁਵੱਲੀ ਸਹੂਲਤ ਅਨੁਸਾਰ ਭਾਰਤ ਆਉਣ ਦਾ ਸੱਦਾ ਦਿੱਤਾ।

ਨਵੀਂ ਦਿੱਲੀ
24 ਅਗਸਤ, 2020

DISCLAIMER: This is an approximate translation. The original is available in English on MEA’s website and may be referred to as the official press release.